ਪੰਜਾਬ ਸਰਕਾਰ
ਸਹਾਇਤਾ ਅਤੇ ਮੁੜ ਸਥਾਪਨ ਵਿਭਾਗ
(ਆਰ.ਆਰ.ਸ਼ਾਖਾ)

ਸੇਵਾ ਵਿਖੇ

1. ਰਾਜ ਦੇ ਡਿਪਟੀ ਕਮਿਸ਼ਨਰਜ਼।

2. ਰਾਜ ਦੇ ਸਮੂਹ ਜ਼ਿਲਿਆਂ ਦੇ
ਉਪ ਮੰਡਲ ਅਫਸਰ(ਸਿਵਲ)।

ਮੀਮੋ ਨੰ:6/71/95-ਰਰ-2/7525
ਚੰਡੀਗੜ੍ਹ, ਮਿਤੀ 16.5.95

ਵਿਸ਼ਾ:- ਅੱਤਵਾਦ ਤੋਂ ਪੀੜਤ ਪਰਿਵਾਰਾਂ ਦੀਆਂ ਵਿਧਵਾਵਾਂ/ਮਾਤਾ-ਪਿਤਾ ਨੂੰ ਗੁਜ਼ਾਰਾ ਭੱਤਾ ਸਮੇਂ ਸਿਰ ਦੇਣ ਬਾਰੇ।

***

ਸਹਾਇਤਾ ਤੇ ਮੁੜ ਸਥਾਪਨ ਵਿਭਾਗ ਵਲੋਂ ਨੰ:8/259/90-ਰਰ-2/10778, ਮਿਤੀ 10.5.1990 ਨੂੰ ਜਾਰੀ ਕੀਤੀ ਗਈ ਅਧਿਸੂਚਨਾ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਗੁਜ਼ਾਰਾ ਭੱਤਾ ਦੇ ਲਾਭਪਾਤਰ ਨੂੰ ਬੈਂਕ ਡਰਾਫਟ ਰਾਹੀਂ ਗੁਜ਼ਾਰਾ ਭੱਤਾ ਦੀ ਅਦਾਇਗੀ ਕੀਤੀ ਜਾਵੇ। ਪ੍ਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਵਿੱਚ ਅੱਤਵਾਦੀ ਹਿੰਸਾ ਅਤੇ ਨਵੰਬਰ 1984 ਦੇ ਦੰਗਿਆਂ ਦੌਰਾਨ ਮਾਰੇ ਗਏ ਮਾਸੂਮ ਵਿਅਕਤੀਆਂ ਦੀਆਂ ਵਿਧਵਾਵਾਂ/ਆਸ਼ਰਿਤ ਮਾਤਾ-ਪਿਤਾ ਵਲੋਂ ਇਹ ਆਮ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਉਨ੍ਹਾਂ ਨੂੰ ਹਰ ਮਹੀਨੇ ਮਿਲਣ ਯੋਗ ਗੁਜ਼ਾਰਾ ਭੱਤਾ ਕਦੇ ਵੀ ਸਮੇਂ ਸਿਰ ਅਦਾ ਨਹੀਂ ਕੀਤਾ ਜਾਂਦਾ ਅਤੇ ਮ੍ਰਿਤਕਾਂ ਦੀਆਂ ਵਿਧਵਾ ਔਰਤਾਂ ਅਤੇ ਬਜ਼ੁਰਗਾਂ ਨੂੰ ਉਪ ਮੰਡਲ ਅਫਸਰਾਂ(ਸ) ਦੇ ਦਫ਼ਤਰਾਂ ਦੇ ਕਈ-ਕਈ ਚੱਕਰ ਮਾਰਨੇ ਪੈਂਦੇ ਹਨ। ਇਹ ਵੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਕਿ ਕਈ ਕੇਸਾਂ ਵਿੱਚ ਛੇ-ਛੇ ਮਹੀਨੇ ਬਾਅਦ ਗੁਜ਼ਾਰਾ ਭੱਤਾ ਦਿੱਤਾ ਜਾਂਦਾ ਹੈ। ਸਰਕਾਰ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਕਈ ਲਾਭਪਾਤਰਾਂ ਨੇ ਆਪਣੀ ਰਿਹਾਇਸ਼ ਬਦਲ ਲਈ ਹੈ ਅਤੇ ਗੁਜ਼ਾਰਾ ਭੱਤਾ ਲੈਣ ਲਈ ਉਨ੍ਹਾਂ ਨੂੰ ਕਾਫੀ ਦੂਰ ਆਉਣਾ ਪੈਂਦਾ ਹੈ।

2. ਸਰਕਾਰ ਨੇ ਇਸ ਮਾਮਲੇ ਤੇ ਬੜੀ ਗੰਭੀਰਤਾ ਨਾਲ ਵਿਚਾਰ ਕਰਦੇ ਹੋਏ ਗੁਜ਼ਾਰੇ ਭੱਤੇ ਦੀ ਅਦਾਇਗੀ ਦੀ ਵਿਧੀ ਨੂੰ ਆਸਾਨ ਬਣਾਉਣ ਲਈ ਇਹ ਫੈਸਲਾ ਲਿਆ ਹੈ ਕਿ ਹਰੇਕ ਵਿਧਵਾ/ਮਾਤਾ-ਪਿਤਾ ਦਾ ਬਚੱਤ ਖਾਤਾ ਉਨ੍ਹਾਂ ਦੀ ਰਿਹਾਇਸ਼ ਦੀ ਨੇੜਲੇ ਬੈਂਕ ਵਿੱਚ ਖੁਲਵਾਇਆ ਜਾਵੇ ਅਤੇ ਉਸ ਦੇ ਖਾਤੇ ਦਾ ਨੰਬਰ ਸਬੰਧਤ ਉਪ ਮੰਡਲ ਅਫਸਰ(ਸ)(ਜਿਸ ਤੋਂ ਗੁਜ਼ਾਰਾ ਭੱਤਾ ਮਿਲਦਾ ਹੈ) ਦੇ ਰਿਕਾਰਡ ਵਿੱਚ ਰੱਖਿਆ ਜਾਵੇ ਅਤੇ ਹਰ ਮਹੀਨੇ ਮਿਲਣ ਵਾਲਾ ਗੁਜ਼ਾਰਾ ਭੱਤਾ ਉਸ ਦੇ ਖਾਤੇ ਵਿੱਚ ਬੈਂਕ ਡਰਾਫਟ ਰਾਹੀਂ ਜਮ੍ਹਾਂ ਕਰਾ ਦਿੱਤਾ ਜਾਵੇ ਤਾਂ ਜੋ ਲਾਭਪਾਤਰਾਂ ਨੂੰ ਹਰੇਕ ਮਹੀਨੇ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ ਅਤੇ ਅਦਾਇਗੀ ਦਾ ਭੁਗਤਾਨ ਵੀ ਤੁਰੰਤ ਹੋ ਜਾਇਆ ਕਰੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸਾਰੇ ਲਾਭਪਾਤਰਾਂ

3. ਜੇਕਰ ਇਨ੍ਹਾਂ ਹਦਾਇਤਾਂ ਦੇ ਜਾਰੀ ਹੋਣ ਉਪਰੰਤ ਵੀ ਗੁਜ਼ਾਰਾ ਭੱਤਾ ਕਿਸੇ ਠੋਸ ਕਾਰਨ ਤੋਂ ਬਿਨਾਂ ਸਮੇਂ ਸਿਰ ਲਾਭਪਾਤਰ ਨੂੰ ਨਹੀਂ ਦਿੱਤਾ ਜਾਂਦਾ ਤਾਂ ਕਸੂਰਵਾਰ ਕਰਮਚਾਰੀ/ਅਧਿਕਾਰੀ ਵਿਰੁੱਧ ਢੁੱਕਵੀਂ ਕਾਰਵਾਈ ਕਰਨ ਲਈ ਮਾਮਲਾ ਸਮਰੱਥ ਅਧਿਕਾਰੀ ਪਾਸ ਉਠਾਇਆ ਜਾਵੇਗਾ।

4. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

16/5/95

ਡਾਇਰੈਕਟਰ-ਕਮ-ਵਧੀਕ ਸਕੱਤਰ, ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਪਿੱਠ ਅੰਕਣ ਨੰ:6/71/95-ਰਰ-2/ 7526 ਚੰਡੀਗੜ੍ਹ, ਮਿਤੀ 16.5.95

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਸਹਾਇਤਾ ਅਤੇ ਮੁੜ ਸਥਾਪਨ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ-ਕਮ-ਵਧੀਕ ਸਕੱਤਰ, ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ।